AMVIC Alberta Motor Vehicle Industry Council

USED

# ਖਪਤਕਾਰ ਗਾਈਡ



# ਪੁਰਾਣੇ ਵਾਹਨ ਦੀ ਖਰੀਦ

AMVIC ਸਿਫ਼ਾਰਿਸ਼ ਕਰਦੀ ਹੈ ਕਿ ਤੁਸੀਂ AMVIC ਦੇ ਲਸੰਸਸ਼ੁਦਾ ਕਾਰੋਬਾਰਾਂ ਵੱਲੋਂ ਵੇਚੇ ਜਾਣ ਵਾਲੇ ਉਤਪਾਦ ਅਤੇ ਸੇਵਾਵਾਂ ਚੁਣੋ। ਲਸੰਸਸ਼ੁਦਾ ਕਾਰੋਬਾਰ ਅਲਬਰਟਾ ਦੇ *ਖਪਤਕਾਰ ਰੱਖਿਆ ਅਧਿਨਿਯਮ (Consumer Protection Act)* ਵਿੱਚ ਦਿੱਤੇ ਖਪਤਕਾਰ ਦੀ ਰੱਖਿਆ ਸੰਬੰਧੀ ਨਿਯਮਾਂ ਦੀ ਪਾਲਣਾ ਕਰਨ ਲਈ ਪਾਬੰਦ ਹੁੰਦੇ ਹਨ।

## ਜਾਣ ਤੋਂ ਪਹਿਲਾਂ:

- AMVIC ਦੇ ਪੋਰਟਲ: https://amvic.ca.thentiacloud.net/webs/amvic/register/# **'ਤੇ ਜਾ ਕੇ ਦੇਖੋ ਕਿ ਕੀ ਕਾਰੋਬਾਰ ਲਸੰਸਸ਼ੁਦਾ ਹੈ**
- ਜੋ ਵਿਗਿਆਪਨ ਤੁਸੀਂ ਉੱਥੇ ਦੇਖੋ, ਇਹ ਯਕੀਨੀ ਬਣਾਉਣ ਲਈ ਉਸਦੀ ਫੋਟੋ ਲਓ ਜਾਂ ਕਾਪੀ ਬਣਾਓ ਕਿ ਵਿਕਰੇਤਾ ਵਿਗਿਆਪਨ ਵਿੱਚ ਦਿੱਤੇ ਮੁੱਲ ਦੀ ਪਾਲਣਾ ਕਰਦਾ ਹੈ,
  - ਜਿਸ ਵਿੱਚ ਉਹ ਸਾਰੀਆਂ ਫੀਸਾਂ ਅਤੇ ਕੀਮਤਾਂ ਸ਼ਾਮਲ ਹੋਣੀਆਂ ਲਾਜ਼ਮੀ ਹਨ, ਜੋ ਵਿਕਰੇਤਾ ਲੈਣ ਦਾ ਇਰਾਦਾ ਰੱਖਦਾ ਹੈ।
  - ਜਿਹੜੀ ਫੀਸ ਵਿਗਿਆਪਨ ਵਿੱਚ ਦਿੱਤੇ ਮੁੱਲ ਵਿੱਚ ਜੋੜੀ ਜਾ ਸਕਦੀ ਹੈ, ਉਹ GST ਦੇ ਨਾਲ-ਨਾਲ ਫਾਈਨੈਂਸਿੰਗ ਨਾਲ ਜੁੜੀਆਂ ਕੋਈ ਵੀ ਲਾਗਤਾਂ ਹੁੰਦੀਆਂ ਹਨ। ਇਸਨੂੰ **'ਵਿੱਤੀ ਲੈਣ-ਦੇਣ ਨਾਲ ਜੁੜਿਆ ਹਰੇਕ ਮੁੱਲ'** ਕਿਹਾ ਜਾਂਦਾ ਹੈ ਅਤੇ ਇਹ ਅਲਬਰਟਾ ਵਿੱਚ ਕਨੂੰਨ ਹੈ।
- ਆਪਣਾ ਬਜਟ ਤੈਅ ਕਰੋ। ਵਾਹਨ ਦੀ ਕੁੱਲ ਕੀਮਤ ਤੇ ਧਿਆਨ ਦਿਓ, ਨਾ ਕਿ ਮਾਸਿਕ ਭੁਗਤਾਨ ਵਾਲੇ ਕਿਫ਼ਾਇਤੀ ਮੁੱਲ ਤੇ।
- **ਵਾਹਨ ਖਰੀਦਣ ਵੇਲੇ** ਕਦੇ ਵੀ ਜਲਦੀ ਨਾ ਕਰੋ। ਇਸ ਲਈ ਪੂਰਾ ਸਮਾਂ ਲਗਾਓ ਅਤੇ ਪ੍ਰਕਰਿਆ ਵਿੱਚ ਕਿਸੇ ਭਰੋਸੇਮੰਦ ਦੋਸਤ ਜਾਂ ਰਿਸ਼ਤੇਦਾਰ ਨੂੰ ਸ਼ਾਮਲ ਕਰੋ।

## ਜਦੋਂ ਤੁਸੀਂ ਉੱਥੇ ਹੋ:

### ਜਮ੍ਹਾਂ ਰਕਮਾਂ

- ਵਾਹਨ ਦੀ ਟੈਸਟ ਡ੍ਰਾਈਵ ਲਈ ਜਾਂ ਮੁੱਲ ਦਾ ਭਾਅ-ਤਾਅ ਕਰਨ ਲਈ ਤੁਹਾਨੂੰ ਕਦੇ ਵੀ ਕੋਈ ਪੇਸ਼ਗੀ ਰਕਮ ਨਹੀਂ ਦੇਣੀ ਚਾਹੀਦੀ। ਜੇਕਰ ਵਿਕਰੀ ਇਕਰਾਰਨਾਮਾ ਨਹੀਂ ਹੈ, ਤਾਂ ਪੇਸ਼ਗੀ ਰਕਮ ਦੇਣ ਦੀ ਕੋਈ ਲੋੜ ਨਹੀਂ ਹੋਣੀ ਚਾਹੀਦੀ।
- ਇਹ ਨਾ ਸੋਚੋ ਕਿ ਪੇਸ਼ਗੀ ਰਕਮ ਵਾਪਸ ਕੀਤੇ ਜਾਣ ਯੋਗ ਹੈ। ਇਹ ਯਕੀਨੀ ਬਣਾਉਣ ਲਈ ਕਿ ਪੇਸ਼ਗੀ ਰਕਮ ਵਾਪਸ ਕੀਤੇ ਜਾਣ ਯੋਗ ਹੈ ਜਾਂ ਨਹੀਂ ਅਤੇ ਨਿਯਮਾਂ ਅਤੇ ਸ਼ਰਤਾਂ ਹੇਠਾਂ ਕੀ ਆਉਂਦਾ ਹੈ, ਦਸਤਾਵੇਜ਼ਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਸਵਾਲ ਪੁੱਛੋ।
- ਪੇਸ਼ਗੀ ਰਕਮ ਦੀ ਰਸੀਦ ਲਓ।
- AMVIC ਦਾ ਸਿਫ਼ਾਰਿਸ਼ ਕੀਤਾ ਪੇਸ਼ਗੀ ਰਕਮ ਇਕਰਾਰਨਾਮਾ ਫਾਰਮ amvic.org **'ਤੇ ਉਪਲਬਧ ਹੈ, ਜਿਸਦੀ ਵਰਤੋਂ ਖਪਤਕਾਰ ਕਰ ਸਕਦੇ ਹਨ। AMVIC ਨੂੰ** ਲਾਜ਼ਮੀ ਪੇਸ਼ਗੀ ਇਕਰਾਰਨਾਮਾ ਬਣਾਉਣ ਦਾ ਅਧਿਕਾਰ ਹੈ ਅਤੇ ਜੇਕਰ ਇਹ ਭਵਿੱਖ ਵਿੱਚ ਅਜਿਹਾ ਕਰਦੀ ਹੈ, ਤਾਂ ਆਟੋਮੋਟਿਵ ਵਿਕਰੀ ਨਾਲ ਜੁੜੇ ਸਾਰੇ ਕਾਰੋਬਾਰ ਸੰਚਾਲਕਾਂ ਲਈ ਇਸਦੀ ਵਰਤੋਂ ਕਰਨਾ ਲਾਜ਼ਮੀ ਹੈ।

### ਵਿਕਰੀ ਦਾ ਬਿਲ

- ਦਸਤਾਵੇਜ਼ ਵਿਚਲਾ ਹਰੇਕ ਸ਼ਬਦ ਪੜ੍ਹੋ। ਜੇਕਰ ਇਸ ਉੱਤੇ ਦਸਤਖ਼ਤ ਕਰਨਾ ਲੋੜੀਂਦਾ ਹੈ, ਤਾਂ ਇਹ ਮਹੱਤਵਪੂਰਣ ਹੈ!
- ਸਾਰੇ ਇਕਰਾਰਾਂ ਦੇ ਨਾਲ-ਨਾਲ ਲਿਖਤ ਵਿੱਚ ਨਿਯਮਾਂ ਅਤੇ ਸ਼ਰਤਾਂ ਬਾਰੇ ਸਪਸ਼ਟੀਕਰਨਾਂ ਨੂੰ ਜਾਣਨ ਲਈ, ਜੋ ਤੁਹਾਨੂੰ ਸਪਸ਼ਟ ਨਾ ਹੋਣ, amvic.org **'ਤੇ ਉਪਲਬਧ ਵਿਕਰੀ ਦੇ ਬਿਲ ਦੀ ਜਾਂਚ-ਸੂਚੀ** ਵਰਤੋ।
- ਯਕੀਨੀ ਬਣਾਓ ਕਿ ਬਿਲ ਕੁੱਲ ਤਾਜ਼ਾ ਮਕੈਨਿਕਲ ਫਿੱਟਨੈਸ ਮੁਲਾਂਕਣ (Mechanical Fitness Assessment) ਨਾਲ ਲਗਾਇਆ ਹੋਇਆ ਹੈ ਅਤੇ ਤੁਸੀਂ ਧਿਆਨ ਨਾਲ ਇਸਦੀ ਸਮੀਖਿਆ ਕੀਤੀ ਹੈ।
- ਦਸਤਖ਼ਤ ਕਰਨ ਤੋਂ ਪਹਿਲਾਂ, ਇਹ ਯਕੀਨੀ ਬਣਾਉਣ ਲਈ ਕਿ ਸਾਰੀ ਜਾਣਕਾਰੀ ਸਹੀ ਅਤੇ ਪੂਰੀ ਹੈ, ਵਿਕਰੀ ਦੇ ਬਿਲ ਦੀ ਸਮੀਖਿਆ ਕਰੋ। ਫਾਈਨੈਂਸ ਇਕਰਾਰਨਾਮੇ ਦੇ ਸਾਰੇ ਵੇਰਵਿਆਂ ਦੀ ਤਸਦੀਕ ਕਰੋ ਅਤੇ ਯਕੀਨੀ ਬਣਾਓ ਕਿ ਸਾਰੀ ਦੱਸੀ ਗਈ ਆਮਦਨੀ ਅਤੇ ਨਕਦ ਭੁਗਤਾਨ (ਡਾਊਨ ਪੇਮੈਂਟ) ਦੀਆਂ ਰਕਮਾਂ ਸਹੀ ਹਨ।
- ਖਰੀਦ ਦੇ ਸਮਝੌਤੇ 'ਤੇ ਦਸਤਖ਼ਤ ਕਰਨ ਤੋਂ ਬਾਅਦ ਭਾਅ ਦਾ ਪਤਾ ਕਰਨਾ ਬੰਦ ਕਰ ਦਿਓ। ਜਦੋਂ ਤੁਸੀਂ ਵਾਹਨ ਖਰੀਦ ਲੈਂਦੇ ਹੋ, ਤਾਂ "ਦੁਬਾਰਾ ਵਿਚਾਰ ਕਰਨ" ਦੀ ਕੋਈ ਮਿਆਦ ਨਹੀਂ ਹੁੰਦੀ। ਭਾਵੇਂ ਤੁਹਾਨੂੰ ਬਿਹਤਰ ਡੀਲ ਮਿਲ ਜਾਵੇ ਜਾਂ ਤੁਹਾਡਾ ਵਿਚਾਰ ਬਦਲ ਜਾਵੇ, ਡੀਲਰ ਸਮਝੌਤੇ ਨੂੰ ਲਾਗੂ ਕਰ ਸਕਦਾ ਹੈ।

### ਇਤਿਹਾਸ

- ਇਹ ਮਹੱਤਵਪੂਰਣ ਹੈ ਕਿ ਖਰੀਦਣ ਦੀ ਪੂਰੀ ਪ੍ਰਕਰਿਆ ਦੇ ਦੌਰਾਨ ਖਪਤਕਾਰਾਂ ਨੂੰ ਵਾਹਨ ਦੇ ਇਤਿਹਾਸ ਸੰਬੰਧੀ ਜਾਣਕਾਰੀ ਤੱਕ ਪਹੁੰਚ ਹੋਵੇ। **ਪਿਛਲੇ ਪਾਸੇ ਦਿੱਤੀ ਵਾਹਨ ਦੇ ਇਤਿਹਾਸ ਦੀ ਜਾਂਚ-ਸੂਚੀ** ਇਸ ਵਾਸਤੇ ਸਹੀ ਗਾਈਡ ਹੈ ਅਤੇ amvic.org 'ਤੇ ਉਪਲਬਧ ਹੈ।

## ਖਰੀਦਣ ਤੋਂ ਬਾਅਦ:

- ਜਿਹਨਾਂ ਖਪਤਕਾਰਾਂ ਨੂੰ ਲੱਗਦਾ ਹੈ ਕਿ ਕਿਸੇ ਲਸੰਸਸ਼ੁਦਾ ਵਿਕਰੇਤਾ ਨੇ ਉਹਨਾਂ ਨਾਲ ਅਨੁਚਿਤ ਵਿਵਹਾਰ ਕੀਤਾ ਸੀ, ਉਹ AMVIC ਕੋਲ ਸ਼ਿਕਾਇਤ ਦਾਖ਼ਲ ਕਰ ਸਕਦੇ ਹਨ।
- AMVIC ਦੇ ਲਸੰਸਸ਼ੁਦਾ ਅਸਫਲ ਜਾਂ ਬੰਦ ਕਾਰੋਬਾਰਾਂ ਦੇ ਖਪਤਕਾਰਾਂ ਲਈ ਮੁਆਵਜ਼ਾ ਫੰਡ ਉਪਲਬਧ ਹੋ ਸਕਦਾ ਹੈ। ਹਾਲਾਂਕਿ, ਖਪਤਕਾਰ ਤਾਂ ਮੁਆਵਜ਼ਾ ਫੰਡ ਵਾਸਤੇ ਅਰਜ਼ੀ ਦੇਣ ਲਈ ਯੋਗ ਨਹੀਂ ਹੁੰਦੇ, ਜੇਕਰ ਉਹ ਕਿਸੇ ਨਿੱਜੀ ਵਿਕਰੇਤਾ ਜਾਂ ਕਰਬਰ ਤੋਂ ਖਰੀਦਦੇ ਹਨ।

**ਕਰਬਰਾਂ ਤੋਂ ਸਾਵਧਾਨ ਰਹੋ: ਅਜਿਹੇ ਵਿਕਰੇਤਾ, ਜੋ ਵਿਕਰੀ ਲਸੰਸ ਦੇ ਬਿਨਾਂ ਕਾਰੋਬਾਰ ਚਲਾਉਂਦੇ ਹਨ, ਉਹ ਆਮ ਤੌਰ ਤੇ ਚੋਰੀ ਕੀਤੇ, ਖਰਾਬ ਜਾਂ ਓਡੋਮੀਟਰ ਨਾਲ ਛੇੜਛਾੜ ਵਾਲੇ ਵਾਹਨ ਵੇਚਦੇ ਹਨ।**

amvic.org

August 2023

# ਵਾਹਨ ਦੇ ਇਤਿਹਾਸ ਦੀ ਜਾਂਚ-ਸੂਚੀ*

AMVIC Alberta Motor Vehicle Industry Council

ਇਹ ਜਾਂਚ-ਸੂਚੀ ਆਟੋਮੋਟਵਿ ਬਜਿਨੇਸ ਰੈਗੁਲੇਸ਼ਨ (Automotive Business Regulation, ABR) ਦੇ ਸੈਕਸ਼ਨ 31.1(1) ਹੇਠ ਉਹਨਾਂ ਸ਼ਰਤਾਂ ਬਾਰੇ ਦੱਸਦੀ ਹੈ, ਜਹਿਨਾਂ ਦਾ ਖੁਲਾਸਾ ਖਪਤਕਾਰ ਦੇ ਸਾਮ੍ਹਣੇ ਕੀਤਾ ਜਾਣਾ ਲਾਜ਼ਮੀ ਹੈ।

**ਪੜਾਅ ਇੱਕ:** ਹੇਠਾਂ ਬਜਿਨੇਸ ਅਤੇ ਵੇਚੇ ਜਾਣ ਵਾਲੇ ਵਾਹਨ ਦੀ ਪਛਾਣ ਕਰੋ।

| | |
|---|---|
| ਲਸੰਸਸ਼ੁਦਾ ਆਟੋਮੋਟਵਿ ਬਜਿਨੇਸ ਦਾ ਨਾਮ ______ | |
| ਮੇਕ ______ | ਮਾੱਡਲ ______ |
| ਸਾਲ ______ | ਰੰਗ ______ |
| VIN ______ | ਓਡੋਮੀਟਰ ਰੀਡਗਿ ______ |

**ਪੜਾਅ ਦੋ:** ਹੇਠਾਂ ਦਤਿੀ ਸੂਚੀ ਦੀ ਸਮੀਖਿਆ ਕਰੋ ਅਤੇ ਉਹਨਾਂ ਸਾਰਿਆਂ ‘ਤੇ ਸਹੀ ਦਾ ਨਸ਼ਿਾਨ ਲਗਾਓ, ਜੋ ਲਾਗੂ ਹੁੰਦੇ ਹਨ।

| ਹਾਂ | ਨਹੀਂ | ਜੇਕਰ ਲਾਗੂ ਹੁੰਦਾ ਹੈ, ਤਾਂ ਹੇਠਾਂ ਦਤਿੀ ਜਾਣਕਾਰੀ ਸਪਸ਼ਟ ਅਤੇ ਪੜ੍ਹਨ ਯੋਗ ਢੰਗ ਨਾਲ ਦਤਿੀ ਜਾਣੀ ਲਾਜ਼ਮੀ ਹੈ: |
|---|---|---|
| | | ਕੀ ਵਾਹਨ ਕਦੇ ਨਰਿਮਾਤਾ ਵੱਲੋਂ ਵਾਪਸ ਖਰੀਦਆਿ ਗਆਿ ਸੀ? |
| | | ਕੀ ਵਾਹਨ ਕਦੇ ਅੱਗ ਨਾਲ ਖਰਾਬ ਹੋਇਆ ਸੀ? |
| | | ਕੀ ਵਾਹਨ ਕਦੇ ਹੜ੍ਹ ਨਾਲ ਖਰਾਬ ਹੋਇਆ ਸੀ? |
| | | ਕੀ ਵਾਹਨ ਦੀ ਵਰਤੋਂ ਕਦੇ ਪੁਲਸਿ ਜਾਂ ਐਮਰਜੈਂਸੀ ਵਾਹਨ ਵਜੋਂ ਕੀਤੀ ਗਈ ਸੀ? |
| | | ਕੀ ਵਾਹਨ ਦੀ ਵਰਤੋਂ ਕਦੇ ਟੈਕਸੀ ਜਾਂ ਲਮਿ ਵਜੋਂ ਕੀਤੀ ਗਈ ਸੀ? |
| | | ਕੀ ਵਾਹਨ ਕਦੇ ਵਾਹਨ ਕਰਿਾਇਆ ਕਾਰੋਬਾਰ ਦੀ ਮਾਲਕੀ ਵਚਿ ਸੀ ਜਾਂ ਕਰਿਾਏ ਦੇ ਵਾਹਨ ਵਜੋਂ ਵਰਤਆਿ ਗਆਿ ਸੀ? |
| | | ਕੀ ਵਾਹਨ ਨੂੰ ਕਦੇ ਅਲਬਰਟਾ ਵਚਿ ਜਾਂ ਦੂਜੇ ਨਆਿਂ-ਖੇਤਰ ਹੇਠ ਬਲਿਕੁੱਲ ਖਰਾਬ ਹੋਇਆ ਜਾਂ ਉਸੇ ਜਹਿਾ ਵਾਹਨ ਘੋਸ਼ਤਿ ਕੀਤਾ ਗਆਿ ਸੀ? |
| | | ਕੀ ਵਾਹਨ ਨੂੰ ਕਦੇ ਅਲਬਰਟਾ ਵਚਿ ਜਾਂ ਦੂਜੇ ਨਆਿਂ-ਖੇਤਰ ਹੇਠ ਗੈਰ-ਮੁਰੰਮਤ ਵਾਲਾ ਜਾਂ ਉਸੇ ਜਹਿਾ ਵਾਹਨ ਘੋਸ਼ਤਿ ਕੀਤਾ ਗਆਿ ਸੀ? |
| | | ਕੀ ਵਾਹਨ ਨੂੰ ਕਦੇ ਅਲਬਰਟਾ ਵਚਿ ਜਾਂ ਦੂਜੇ ਨਆਿਂ-ਖੇਤਰ ਹੇਠ ਅਸੁਰੱਖਅਿਤ ਜਾਂ ਉਸੇ ਜਹਿਾ ਵਾਹਨ ਘੋਸ਼ਤਿ ਕੀਤਾ ਗਆਿ ਸੀ? |
| | | ਕੀ ਵਾਹਨ ਨੂੰ ਕਦੇ ਕਸਿੇ ਦੁਰਘਟਨਾ ਜਾਂ ਟੱਕਰ ਲੱਗਣ ਕਰਕੇ, ਪੁਰਜਆਿਂ ਅਤੇ ਮਜ਼ਦੂਰੀ ਸਮੇਤ, 3,000 ਡਾਲਰ ਤੋਂ ਵੱਧ ਦੀ ਕੀਮਤ ਵਾਲੀ ਮੁਰੰਮਤ ਦੀ ਲੋੜ ਪਈ ਸੀ?<br><br>ਜੇਕਰ ਹਾਂ, ਅਤੇ ਉਹ ਮੁਰੰਮਤ ਕਾਰੋਬਾਰ ਸੰਚਾਲਕ ਵੱਲੋਂ ਪੂਰੀ ਕੀਤੀ ਗਈ ਸੀ, ਤਾਂ ਮੁਰੰਮਤ ਪੂਰੀ ਕਰਨ ਦੀ ਕੁੱਲ ਲਾਗਤ $ ______ ਸੀ।. |
| | | ਕੀ ਵਾਹਨ ਪਹਲਿਾਂ ਕਸਿੇ ਵੱਖਰੇ ਨਆਿਂ-ਖੇਤਰ ਵਚਿ ਰਜਸਿਟਰ ਸੀ?<br><br>ਜੇਕਰ ਹਾਂ, ਤਾਂ ਸੂਬੇ/ਦੇਸ਼ ਦਾ ਨਾਮ ਦੱਸੋ: ______ |
| | | ਜੇਕਰ ਵਾਹਨ ਦੂਜੇ ਨਆਿਂ-ਖੇਤਰ ਵਚਿ ਰਜਸਿਟਰ ਸੀ, ਤਾਂ ਕੀ ਅਲਬਰਟਾ ਵਚਿ ਰਜਸਿਟਰ ਕੀਤੇ ਜਾਣ ਤੋਂ ਪਹਲਿਾਂ ਇਸਦੀ ਜਾਂਚ ਲੋੜੀਂਦੀ ਸੀ? ਜੇਕਰ ਹਾਂ, ਤਾਂ ਕੀ ਵਾਹਨ ਕਸਿੇ ਜਾਂਚਾਂ ਵਚਿ ਪਾਸ ਜਾਂ ਫੇਲ ਹੋਇਆ ਸੀ? ______ |
| | | ਕੀ ਖਰੀਦ ਤੋਂ ਪਹਲਿਾਂ ਖਪਤਕਾਰ ਨੂੰ ਉਪਰੋਕਤ ਵਾਹਨ ਦੇ ਇਤਹਿਾਸ ਸੰਬੰਧੀ ਸਾਰੀ ਜਾਣਕਾਰੀ ਲਖਿਤ ਵਚਿ ਦਤਿੀ ਗਈ ਸੀ? |

*ਇਹ ਗਾਈਡ ਕਨੂੰਨੀ ਸਲਾਹ ਦੀ ਥਾਂ ਨਹੀਂ ਲੈਂਦੀ ਹੈ ਅਤੇ ਯੋਗ ਸੁਤੰਤਰ ਕਨੂੰਨੀ ਕਾਉਸਲਿ ਵੱਲੋਂ ਸਲਾਹ ਦੀ ਥਾਂ ਲੈਣ ਵਜੋਂ ਤਆਿਰ ਨਹੀਂ ਕੀਤੀ ਗਈ ਹੈ। ਇਸ ਗਾਈਡ ਦਾ ਉਦੇਸ਼, ਲਾਗੂ ਹੋਣ ਵਾਲੇ ਵਧਿਾਨ ਦੀ ਵਆਿਪਕ ਸੂਚੀ ਬਣਨਾ ਨਹੀਂ ਹੈ।